The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
- Home Cleaning
- Carpet Cleaning
- Floor Polishing
- Water Blaster
- Lawn Mowing

Carpet Cleaning
3 Bedroom $95
5 Bedroom $135

- ਹੋਮ ਕਲੀਨਿੰਗ
- ਕਾਰਪੇਟ ਕਲੀਨਿੰਗ
- ਫਲੋਰ ਪੋਲਿਸ਼ਿੰਗ
- ਵਾਟਰ ਬਲਾਸਟਰ
- ਲਾਅਨ ਮੂਵਿੰਗ

ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

06 January 2019 Daily, editornztasveer@gmail.com designnztasveer@gmail.com Ph/Fax: 09 390 4644 FREE

ਨਿਊਜੀਲੈਂਡ 'ਚ ਸਿੱਖ ਸੰਗਤ ਵੱਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ

ਆਕਲੈਂਡ, 6 ਜਨਵਰੀ (ਐੱਨ ਜੈੱਡ ਤਸਵੀਰ ਬਿਊਰੋ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਛੇਵਾਂ ਵਿਸ਼ਾਲ ਨਗਰ ਕੀਰਤਨ ਨਿਊਜੀਲੈਂਡ 'ਚ ਆਕਲੈਂਡ ਤੋਂ 200 ਕਿਲੋਮੀਟਰ ਦੂਰੀ 'ਤੇ ਪੰਜਾਬ ਦੀ ਸੰਘਣੀ ਆਬਾਦੀ ਵਾਲੇ ਸ਼ਹਿਰ ਟੌਰੰਗਾ ਵਿਖੇ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵਿੱਚ ਸਜਾਇਆ ਗਿਆ। ਇਸ ਮੌਕੇ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀਏ ਭਾਈ ਮਲਕੀਤ ਸਿੰਘ ਸੁੱਜੋਂ ਵਾਲਿਆਂ ਦੇ ਰਾਗੀ ਜੱਥੇ ਵੱਲੋਂ ਗੁਰਬਾਣੀ ਸ਼ਬਦ ਦਾ ਕੀਰਤਨ ਕੀਤਾ ਗਿਆ ਗਿਆ। ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਦਰਬਾਰ ਦਸ਼ਮੇਸ਼ ਹਾਲ ਤੋਂ ਵਿਸ਼ਾਲ ਨਗਰ ਕੀਰਤਨ ਆਰੰਭ ਹੋਇਆ। ਇਸ ਨਗਰ ਕੀਰਤਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਬਹੁਤ ਹੀ ਸਾਨਦਾਰ ਢੰਗ ਨਾਲ ਸਜਾਏ ਖੁੱਲੇ ਟਰੱਕ ਵਿੱਚ ਸ਼ੁਸ਼ੋਭਿਤ ਕੀਤਾ ਗਿਆ। ਨਗਰ ਕੀਰਤਨ ਵਿੱਚ ਪੰਜ ਪਿਆਰੇ ਅਤੇ ਨਿਸ਼ਾਨਚੀ ਅੱਗੇ ਚੱਲ ਰਹੇ ਸਨ। ਸਾਰੇ ਰਸਤੇ ਸੰਗਤਾਂ ਵੱਲੋਂ ਝਾੜੂ ਲਾ ਕੇ ਪਾਣੀ ਛਿੜਕ ਕੇ ਗੁਰੂ ਸਾਹਿਬ ਦੇ ਸਤਿਕਾਰ ਵਿੱਚ ਵਾਧਾ ਕੀਤਾ ਗਿਆ। ਨਗਰ ਕੀਰਤਨ ਨੇ ਬੁਆਇਜ ਕਾਲਜ ਵਿਖੇ ਥੋੜਾ ਸਮਾਂ ਪੜਾਅ ਕੀਤਾ ਜਿੱਥੇ ਤਿੰਨ ਕਵੀਸ਼ਰੀ ਜੱਥਿਆਂ ਵੱਲੋਂ ਕਵੀਸਰੀਆ ਗਾ ਕੇ ਸੰਗਤਾਂ ਵਿੱਚ ਜੋਸ਼ ਭਰ ਦਿੱਤਾ। ਇਸ ਮੌਕੇ ਹੇਸਟਿੰਗਜ ਅਤੇ ਆਕਲੈਂਡ ਤੋਂ ਗਤਕਾ ਪਾਰਟੀਆਂ ਨੇ ਸੰਗਤਾਂ ਨੂੰ ਗਤਕੇ ਜੌਹਰ ਦਿਖਾਏ। ਸੰਸਦ ਮੈਂਬਰ ਅਤੇ ਵਿਰੋਧੀ ਧਿਰ ਦੇ ਨੇਤਾ ਸ੍ਰੀ ਸਾਇਮਨ ਬ੍ਰਿਜਸ, ਸਾਂਸਦ ਸ਼੍ਰੀਮਤੀ ਪਰਮਜੀਤ ਕੌਰ ਪਰਮਾਰ, ਡਿਪਟੀ ਮੇਅਰ ਕੈਲਵਿਨ ਕਲਾਊਟ, ਪੁਲਿਸ ਦੇ ਅਧਿਕਾਰੀ, ਸਿਟੀ ਕੌਂਸਲ ਤੋਂ ਪੰਜਾਬੀ ਮੂਲ ਦੀ ਹਾਡੀਕਾਲੀਰਾਏ ਅਤੇ ਹੋਰ ਸੇਵਾਵਾਂ ਦੇਣ ਵਾਲਿਆਂ ਨੂੰ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਦਿੱਤੇ ਗਏ। ਜਿਕਰਯੋਗ ਹੈ ਕਿ ਸ੍ਰ ਸਾਇਮਨ ਬ੍ਰਿਜਸ ਨੇ ਛੇਵੀਂ ਵਾਰ ਇਸ ਨਗਰ ਕੀਰਤਨ ਵਿੱਚ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਲਿਆਂਦੇ ਗਏ ਉਪਕਰਨ ਨਰ ਸਿੰਘਾ ਨੂੰ ਵੀ ਵਜਾਇਆ। ਇਸ ਨਗਰ ਕੀਰਤਨ ਵਿੱਚ 3000 ਦੇ ਲੱਗਭਗ ਸੰਗਤ ਨੇ ਹਾਜਰੀ ਲਗਵਾਈ। ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ।

ਨਿਊਜੀਲੈਂਡ 'ਚ ਭਾਰਤੀ ਵਿਅਕਤੀ 'ਤੇ ਲਾਪਰਵਾਹੀ ਨਾਲ ਡਰਾਈਵਿੰਗ ਕਰਨ 'ਤੇ ਹੋਵੇਗੀ ਸਜਾ

ਆਕਲੈਂਡ, (ਐੱਨ ਜੈੱਡ ਤਸਵੀਰ ਬਿਊਰੋ) ਬੀਤੇ ਸ਼ੁੱਕਰਵਾਰ ਨਿਊਜੀਲੈਂਡ 'ਚ ਪਾਲਮਰਸਟਨ ਨੋਰਥ ਦੇ ਰੋਬਰਟਸ ਲਾਈਨ ਨਜ਼ਦੀਕ ਇੱਕ ਕਾਰ ਹਾਦਸਾ ਗ੍ਰਸਤ ਹੋ ਗਈ ਸੀ ਜਿਸ ਵਿੱਚ ਇੱਕ ਭਾਰਤੀ ਪਰਿਵਾਰ ਬੁਰੀ ਤਰਾਂ ਜਖਮੀ ਹੋ ਗਿਆ ਸੀ ਇਸ ਹਾਦਸੇ ਵਿੱਚ ਕਾਰ ਚਲਾਉਣ ਵਾਲਾ ਭਾਰਤ ਦੇ ਹਰਿਆਣੇ ਨਾਲ ਸਬੰਧਤ ਵਿੱਕੀ ਨਾਮ ਦਾ ਵਿਅਕਤੀ ਸੀ। ਹਾਦਸੇ ਦੌਰਾਨ ਵਿੱਕੀ ਦੀ 63 ਸਾਲਾ ਮਾਂ ਦੀ ਮੌਕੇ 'ਤੇ ਮੌਤ ਹੋ ਗਈ ਸੀ ਅਤੇ ਉਸ ਦੀ ਦੀ 12 ਸਾਲਾ ਲੜਕੀ ਦੀ ਵੀ ਲੱਤ ਟੁੱਟ ਗਈ ਸੀ। ਅਤੇ ਹੋਰ ਮੈਂਬਰ ਵੀ ਗੰਭੀਰ ਰੂਪ ਵਿੱਚ ਜਖਮੀ ਹੋ ਗਏ ਸਨ। ਇਸ ਹਾਦਸੇ ਦੀ ਜਾਂਚ ਦੌਰਾਨ ਪਾਇਆ ਗਿਆ ਕਿ ਇਸ ਹਾਦਸੇ ਦਾ ਮੁੱਖ ਕਾਰਨ ਵਿੱਕੀ ਸਰੀਨ ਦੀ ਲਾ-ਪਰਵਾਹੀ ਨਾਲ ਕਾਰ ਚਲਾਉਣਾ ਸੀ। ਇਸ ਮਾਮਲੇ ਵਿੱਚ ਸ਼ੁੱਕਰਵਾਰ ਨੂੰ ਵਿੱਕੀ ਨੂੰ ਸਜਾ ਸੁਣਾਈ ਜਾਵੇਗੀ।

ਨਿਊਜੀਲੈਂਡ ਦੀ ਔਰਤ ਨੇ ਲੱਭੇ ਪੈਸਿਆਂ ਪ੍ਰਤੀ ਇਸ ਤਰਾਂ ਵਿਖਾਈ ਇਮਾਨਦਾਰੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੈਸਾ ਵੱਡੇ-ਵੱਡਿਆਂ ਦੇ ਇਮਾਨ ਨੂੰ ਡੇਗ ਦਿੰਦਾ ਹੈ ਪਰ ਨੇਪੀਅਰ ਦੀ ਰਹਿਣ ਵਾਲੀ ਵੋਨ ਥੇਕਰ ਨੂੰ ਜਦੋਂ ਮਰੇਵਾ ਦੇ ਡਾਕਖਾਨੇ ਨੇੜੇ ਤੋਂ ਉਸਨੂੰ ਨੋਟਾਂ ਦੀਆਂ ਕੁਝ ਗੱਠੀਆਂ ਪਈਆਂ ਮਿਲੀਆਂ ? ਉਸਨੇ ਪੈਸੇ ਚੁੱਕ ਕੇ ਆਪਣੇ ਬੈਗ ਵਿੱਚ ਪਾ ਲਏ ਅਤੇ ਘਰ ਆ ਗਈ ਤੇ ਘਰ ਆ ਕੇ ਉਸਨੇ ਆਪਣੀ ਪੋਤਰੀ ਡੈਨੀਅਲ ਥੈਕਰ ਨੂੰ ਫੋਨ ਕੀਤਾ ? ਅਤੇ ਇਨ੍ਹਾਂ ਲੱਭੇ ਹੋਏ ਪੈਸਿਆਂ ਸਬੰਧੀ ਸਬੰਧਿਤ ਇਸ਼ਤਿਹਾਰ ਦਿੱਤਾ ਅਤੇ ਨੇਪੀਅਰ ਪੁਲਿਸ ਨੂੰ ਵੀ ਸੂਚਿਤ ਕੀਤਾ ? ਵੋਨ ਕੋਲ ਕਾਫੀ ਲੋਕਾਂ ਵਲੋਂ ਇਸ ਪੈਸੇ ਦਾਅਵੇਦਾਰੀ ਕੀਤੀ ਗਈ ਹੈ, ਪਰ ਦਾਅਵੇਦਾਰਾਂ ਵਿਚੋਂ ਕੋਈ ਵੀ ਪੈਸਿਆਂ ਬਾਰੇ ਸਹੀ ਜਾਣਕਾਰੀ ਨਹੀਂ ਦੇ ਸਕਿਆ ਹੈ ? ਪਰ ਉਸਨੇ ਇੱਕ ਵੀ ਪਲ ਮਾੜਾ ਨਹੀਂ ਸੋਚਿਆ ਬਲਕਿ ਉਹ ਇਹ ਸੋਚਦੀ ਰਹੀ ਕਿ ਉਹ ਪੈਸੇ ਕਿਸੇ ਲੋੜਵੰਦ ਦੇ ਵੀ ਹੋ ਸਕਦੇ ਸਨ ਅਤੇ ਸਹੀ ਮਾਲਕ ਨੂੰ ਉਸਦੇ ਪੈਸੇ ਵਾਪਿਸ ਮਿਲਣੇ ਚਾਹੀਦੇ ਹਨ।

ਨਿਊਜੀਲੈਂਡ 'ਚ ਬੀਤਿਆ ਸਾਲ ਰਿਹਾ ਸਭ ਗਰਮ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਦੇ ਇੱਕ ਮੌਸਮ ਵਿਗਿਆਨੀ ਅਨੁਸਾਰ, 1867 ਵਿੱਚ ਰਿਕਾਰਡਾਂ ਦੇ ਸ਼ੁਰੂ ਹੋਣ ਤੋਂ ਬਾਅਦ ਨਿਊਜੀਲੈਂਡ ਵਿੱਚ ਹੁਣ ਤੱਕ ਸਭ ਤੋਂ ਗਰਮ ਸਾਲ ਸੀ। ਪ੍ਰੋਫੈਸਰ ਜਿਮ ਸੈਲਿੰਗਰ ਕਿਹਾ ਕਿ ਨਿਊਜ਼ੀਲੈਂਡ ਦਾ ਸਲਾਨਾ ਭੂਮੀ ਦਾ ਤਾਪਮਾਨ 13.5 ਡਿਗਰੀ ਸੈਲਸੀਅਸ ਸੀ, ਜੋ 1981-2010 ਦੇ ਔਸਤ ਨਾਲੋਂ 0.85 ਡਿਗਰੀ ਵੱਧ ਸੀ। ਇਸ ਤਰਾਂ 2016 ਅਤੇ 1998 ਦੇ ਮੁਕਾਬਲੇ, ਜੋ ਕਿ ਔਸਤਨ 0.84 ਅਤੇ 0.80 ਡਿਗਰੀ ਜ਼ਿਆਦਾ ਹੈ. ਪ੍ਰੋਫੈਸਰ ਸੈਲਿੰਗਰ ਨੇ ਕਿਹਾ ਕਿ ਇਹ 1867 ਤੋਂ 151 ਸਾਲਾਂ ਦੇ ਸਮੇਂ 1.3 ਡਿਗਰੀ ਦੇ ਤਾਪਮਾਨ ਨੂੰ ਦਰਸਾਉਂਦਾ ਹੈ। ਸ਼ੁਰੂਆਤੀ ਵਿਆਪਕ ਅੰਕੜਿਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਸਾਲ ਗਰਮ ਹੋਣ ਦਾ ਰਿਕਾਰਡ ਹੈ। ਪ੍ਰੋਫੈਸਰ ਸੈਲਿੰਗਰ ਦੇ ਅਨੁਸਾਰ, 2018 ਦੇ ਰਿਕਾਰਡ ਗਰਮੀ ਨਾਲ ਨਿਊਜ਼ੀਲੈਂਡ ਦੇ ਆਲੇ ਦੁਆਲੇ ਗਰਮ ਸਮੁੰਦਰੀ ਖੇਤਰ ਮੌਜੂਦ ਸੀ. ਸਾਲ ਦੇ ਸਾਰੇ ਮਹੀਨਿਆਂ ਲਈ ਨਿਊਜੀਲੈਂਡ ਦੇ ਆਲੇ-ਦੁਆਲੇ ਦੇ ਸਮੁੰਦਰੀ ਸਤਹ ਦੇ ਤਾਪਮਾਨ ਵਿੱਚ ਔਸਤ ਤੋਂ ਉੱਪਰਲੇ ਪੱਧਰ ਤੇ, 2018 ਦੇ ਸ਼ੁਰੂਆਤੀ ਅਨੁਮਾਨਾਂ ਅਨੁਸਾਰ ਔਸਤਨ 0.8 ਡਿਗਰੀ ਜ਼ਿਆਦਾ ਰਿਹਾ ਹੈ। ਇਸ ਸਾਲ ਵੀ ਮੌਸਮ ਗਰਮ ਰਹਿਣਾ ਦਾ ਅਨੁਮਾਨ ਹੈ।

ਨਿਊਜ਼ੀਲੈਂਡ ਦੀ ਟੀ-20 ਟੀਮ ਦੀ ਕਪਤਾਨੀ ਕਰੇਗਾ ਸਾਊਥੀ

ਵੇਲਿੰਗਟਨ— ਟਿਮ ਸਾਊਥੀ ਨੂੰ ਸ਼੍ਰੀਲੰਕਾ ਵਿਰੁੱਧ ਅਗਲੇ ਹਫਤੇ ਹੋਣ ਵਾਲੇ ਇਕਲੌਤੇ ਟੀ-20 ਮੈਚ ਲਈ ਸ਼ੁੱਕਰਵਾਰ ਨਿਊਜ਼ੀਲੈਂਡ ਦਾ ਕਪਤਾਨ ਨਿਯੁਕਤ ਕੀਤਾ ਗਿਆ ਹੈ। ਨਿਯਮਿਤ ਕਪਤਾਨ ਕੇਨ ਵਿਲੀਅਮਸਨ, ਟ੍ਰੇਂਟ ਬੋਲਟ ਤੇ ਕੋਲਿਨ ਡੀ ਗ੍ਰੈਂਡਹੋਮ ਨੂੰ ਇਸ ਮੈਚ ਵਿਚ ਆਰਾਮ ਦਿੱਤਾ ਗਿਆ ਹੈ। ਸਾਊਥੀ ਇਸ ਤੋਂ ਪਹਿਲਾਂ ਦੋ ਵਾਰ ਨਿਊਜ਼ੀਲੈਂਡ ਦੀ ਅਗਵਾਈ ਕਰ ਚੁੱਕਾ ਹੈ। ਨਿਊਜ਼ੀਲੈਂਡ ਦੀ ਟੀਮ ਇਸ ਤਰ੍ਹਾਂ ਹੈ : ਟਿਮ ਸਾਊਥੀ (ਕਪਤਾਨ), ਲੌਕੀ ਫਰਗਿਊਸਨ, ਮਾਰਟਿਨ ਗੁਪਟਿਲ, ਸਕਾਟ ਕੂਗਲੇਈਜਨ, ਕੌਲਿਨ ਮੁਨਰੋ, ਜਿਮੀ ਨੀਸ਼ਾਮ, ਹੈਨਰੀ ਨਿਕੋਲਸ, ਗਲੇਨ ਫਿਲਪਸ, ਸੇਟ ਰੇਨਸ, ਮਿਸ਼ੇਲ ਸੈਂਟਰਨ, ਟਿਮ ਸੈਫਰਟ, ਈਸ਼ ਸੋਢੀ, ਰੋਸ ਟੇਲਰ।

ਨਿਊਜ਼ੀਲੈਂਡ ਨੇ ਸ਼੍ਰੀਲੰਕਾ ਨੂੰ 45 ਦੌੜਾਂ ਨਾਲ ਹਰਾਇਆ

ਤੌਰੰਗਾ— ਮਾਰਟਿਨ ਗੁਪਟਿਲ ਦੇ ਸੈਂਕੜੇ ਤੇ ਜੇਸ ਨੀਸ਼ਾਮ ਦੇ ਆਲਰਾਊਂਡਰ ਪ੍ਰਦਰਸ਼ਨ ਨਾਲ ਨਿਊਜ਼ੀਲੈਂਡ ਨੇ ਵੀਰਵਾਰ ਨੂੰ ਇੱਥੇ ਪਹਿਲੇ ਵਨ ਡੇ ਕੌਮਾਂਤਰੀ ਕ੍ਰਿਕਟ ਮੈਚ 'ਚ ਸ਼੍ਰੀਲੰਕਾ ਨੂੰ 45 ਦੌੜਾਂ ਨਾਲ ਹਰਾ ਕੇ 3 ਮੈਚਾਂ ਦੀ ਸੀਰੀਜ਼ 'ਚ 1-0 ਨਾਲ ਬੜ੍ਹਤ ਹਾਸਲ ਕੀਤੀ। ਸੱਟ ਕਾਰਨ ਬਾਹਰ ਰਹਿਣ ਵਾਲੇ ਗੁਪਟਿਲ ਨੇ 139 ਗੇਂਦਾਂ 'ਤੇ 138 ਦੌੜਾਂ ਬਣਾਈਆਂ, ਜਿਸ 'ਚ 11 ਚੌਕੇ ਤੇ 5 ਛੱਕੇ ਸ਼ਾਮਲ ਹਨ। ਆਖਰੀ ਓਵਰਾਂ 'ਚ ਜੇਸ ਨੀਸ਼ਾਮ ਨੇ 13 ਗੇਂਦਾਂ 'ਤੇ 6 ਛੱਕਿਆਂ ਦੀ ਮਦਦ ਨਾਲ ਜੇਤੂ 47 ਦੌੜਾਂ ਦੀ ਪਾਰੀ ਖੇਡੀ। ਇਨ੍ਹਾਂ ਦੋਵਾਂ ਤੋਂ ਇਲਾਵਾ ਕਪਤਾਨ ਕੇਨ ਵਿਲੀਅਮਸਨ (76) ਤੇ ਬੱਲੇਬਾਜ਼ ਰੋਸ ਟੇਲਰ (54) ਨੇ ਵੀ ਅਰਧ ਸੈਂਕੜੇ ਲਗਾਏ। ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਨਿਊਜ਼ੀਲੈਂਡ ਨੇ ਪਹਿਲੀ ਪਾਰੀ 'ਚ 7 ਵਿਕਟਾਂ 'ਤੇ 371 ਦੌੜਾਂ ਬਣਾਈਆਂ। ਸ਼੍ਰੀਲੰਕਾ ਦੀ ਟੀਮ ਟੀਚੇ ਦਾ ਪਿੱਛਾ ਕਰਦੀ ਹੋਈ 49 ਓਵਰਾਂ 'ਚ 326 ਦੌੜਾਂ ਹੀ ਬਣਾ ਸਕੀ ਤੇ ਨਿਊਜ਼ੀਲੈਂਡ ਨੇ ਇਹ ਮੈਚ 45 ਦੌੜਾਂ ਨਾਲ ਜਿੱਤ ਲਿਆ।

ਨਿਊਜੀਲੈਂਡ 'ਚ ਕੇਸਰ ਸਿੰਘ ਕੰਗ ਦੀ ਪੁਸਤਕ ਲੋਕ ਅਰਪਣ ਕੀਤੀ ਗਈ

ਆਕਲੈਂਡ, (ਐੱਨ ਜੈੱਡ ਤਸਵੀਰ ਬਿਊਰੋ) ਪੰਜਾਬੀ ਦੇ ਮਸ਼ਹੂਰ ਸ਼ਾਇਰ ਕੇਸਰ ਸਿੰਘ ਕੰਗ ਦੀ ਕਵਿਤਾਵਾਂ, ਗਜਲਾਂ ਅਤੇ ਗੀਤਾਂ ਨਾਲ ਸ਼ਿੰਗਾਰੀ ਕਿਤਾਬ ਨਿਊਜੀਲੈਂਡ 'ਚ ਪੰਜਾਬ ਵਿਰਾਸਤ ਭਵਨ,ਮੈਨੁਰੇਵਾ ਵਿਖੇ ਇੱਕ ਪ੍ਰਭਾਵਸਾਲੀ ਸਾਹਿਤਕ ਸਮਾਗਮ ਵਿੱਚ ਰਿਲੀਜ ਕੀਤੀ ਗਈ। ਇਸ ਮੌਕੇ ਨਿਊਜੀਲੈਂਡ ਦੇ ਦੌਰੇ 'ਤੇ ਗਏ ਕੇਸਰ ਸਿੰਘ ਕੰਗ ਉਚੇਚੇ ਤੌਰ 'ਤੇ ਹਾਜਿਰ ਰਹੇ। ਇਸ ਮੌਕੇ ਸਭ ਤੋਂ ਪਹਿਲਾਂ ਤਨਰਦੀਪ ਸਿੰਘ ਬਿਲਾਸਪੁਰੀ ਨੇ ਆਏ ਹੋਏ ਮਹਿਮਾਨਾਂ, ਪਤਵੰਤੇ ਸੱਜਣਾਂ ਅਤੇ ਲੇਖਕਾਂ ਨੂੰ ਜੀ ਆਇਆ ਕਿਹਾ ਅਤੇ ਸਾਰਿਆਂ ਨਾਲ ਮੁਢਲੀ ਜਾਣ-ਪਹਿਚਾਣ ਕਰਵਾਈ। ਇਸ ਸਮਾਗਮ ਦੇ ਦੌਰਾਨ ਬਿਕਰਮਜੀਤ ਸਿੰਘ ਮੱਟਰਾਂ ਨੇ ਸ਼ਾਇਰ ਕੰਗ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਸਮਾਗਮ ਦੇ ਦੌਰਾਨ ਸ਼ਾਇਰ ਕੰਗ ਨੇ ਆਪਣੀ ਕਿਤਾਬ ਵਿਚੋਂ ਕੁੱਝ ਚੋਣਵੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਨਾਲ ਸਾਂਝ ਪਾਈ। ਤਰਲੋਚਨ ਪਬਲਿਸ਼ਰ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਇਸ ਕਿਤਾਬ ਦਾ ਮੁੱਖ ਬੰਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ.ਫ਼ੈਸਰ ਡਾ ਭੀਮ ਇੰਦਰ ਸਿੰਘ ਨੇ ਲਿਖਿਆ ਹੈ। ਵੱਖ-ਵੱਖ ਰਚਨਾਵਾਂ ਰਾਹੀਂ ਜਿੱਥੇ ਪੰਜਾਬ ਨੂੰ ਦਰਪੇਸ਼ ਮੌਜੂਦਾ ਸਮੱਸਿਆਵਾਂ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਗਈ ਹੈ, ਉੱਥੇ ਸਿਆਸਤਦਾਨਾਂ ਵੱਲੋਂ ਕੀਤੇ ਜਾਂਦੇ ਡਰਾਮਿਆਂ ਵੱਲ ਉਂਗਲ ਕੀਤੀ ਹੈ। ਇਸ ਮੌਕੇ ਸ੍ਰ ਕੰਗ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਵਤਨੋਂ ਦੂਰ ਰਹਿ ਕੇ ਵੀ ਪੰਜਾਬੀ ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਬਹੁਤ ਵਧੀਆ ਹਨ। ਇੱਥੋਂ ਦੇ ਪੰਜਾਬ ਵਿਰਾਸਤ ਭਵਨ,ਮੈਨੁਰੇਵਾ ਨੂੰ ਅੱਜ ਉਸੇ ਵੇਲੇ ਸਾਹਿਤਕ ਰੰਗ ਚੜ੍ਹ ਗਿਆ ਜਦੋਂ ਪੰਜਾਬ ਤੋਂ ਇਨ੍ਹੀਂ ਦਿਨੀਂ ਨਿਊਜ਼ੀਲੈਂਡ ਦਾ ਦੌਰਾ ਕਰ ਰਹੇ ਸ਼ਾਇਰ ਕੇਸਰ ਸਿੰਘ ਕੰਗ ਨੇ ਆਪਣੀ ਕਿਤਾਬ ਰਿਲੀਜ਼ ਸਮਾਰੋਹ ਦੌਰਾਨ ਆਪਣੀਆਂ ਕਿਰਤਾਂ ਰਾਹੀਂ ਸਾਹਿਤਕ ਰੰਗ ਬਖੇਰਿਆ। ਉਨ੍ਹਾਂ ਵਿਰਾਸਤ ਭਵਨ ਲਈ ਹੋਰ ਵੀ ਕਿਤਾਬਾਂ ਭੇਜਣ ਦਾ ਭਰੋਸਾ ਦਿਵਾਇਆ। ਸਮਾਗਮ ਦੌਰਾਨ ਸਭ ਤੋਂ ਪਹਿਲਾਂ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਤਰਨਦੀਪ ਸਿੰਘ ਬਿਲਾਸਪੁਰ ਨੇ ਮੁੱਢਲੀ ਜਾਣ-ਪਛਾਣ ਕਰਵਾਈ ਅਤੇ ਬਿਕਰਮਜੀਤ ਸਿੰਘ ਮੱਟਰਾਂ ਨੇ ਸ਼ਾਇਰ ਕੰਗ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਦੀ ਕਿਤਾਬ ਅਉਧ ਬ੍ਰਿਖ ਵੀ ਰਿਲੀਜ਼ ਕੀਤੀ ਗਈ। ਜਿਸ ਤੋਂ ਪਹਿਲਾਂ ਕੰਗ ਨੇ ਆਪਣੀ ਚੋਣਵੀਂਆਂ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਪੰਜਾਬ ਦੇ ਰੂਪਨਗਰ ਜ਼ਿਲ੍ਹੇ 'ਚ ਪੈਂਦੇ ਪਿੰਡ ਦੁਲਚੀ ਮਾਜਰਾ ਨਾਲ ਸਬੰਧਤ ਲੇਖਕ ਦੀ 152 ਸਫ਼ਿਆਂ ਦੀ ਕਿਤਾਬ ਵਿੱਚ 33 ਰਚਨਾਵਾਂ ਸ਼ਾਮਲ ਹਨ,ਜੋ ਕਵਿਤਾ, ਗੀਤ, ਗ਼ਜ਼ਲ, ਟੱਪੇ ਆਦਿ ਕਈ ਵੰਨਗੀਆਂ 'ਚ ਹਨ। ਤਰਲੋਚਨ ਪਬਲਿਸ਼ਰ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਇਸ ਕਿਤਾਬ ਦਾ ਮੁੱਖ ਬੰਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ.ਫ਼ੈਸਰ ਡਾ ਭੀਮ ਇੰਦਰ ਸਿੰਘ ਨੇ ਲਿਖਿਆ ਹੈ। ਵੱਖ-ਵੱਖ ਰਚਨਾਵਾਂ ਰਾਹੀਂ ਜਿੱਥੇ ਪੰਜਾਬ ਨੂੰ ਦਰਪੇਸ਼ ਮੌਜੂਦਾ ਸਮੱਸਿਆਵਾਂ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਗਈ ਹੈ। ਇਸ ਮੌਕੇ ਸੁਪਰੀਮ ਸਿੱਖ ਸੁਸਾਇਟੀ ਦੇ ਮੀਤ ਪ੍ਰਧਾਨ ਮਨਜਿੰਦਰ ਸਿੰਘ ਬਾਸੀ, ਅਵਤਾਰ ਤਰਕਸ਼ੀਲ, ਕਰਮਜੀਤ ਅਕਲੀਆ, ਰਘਬੀਰ ਸਿੰਘ ਜੇਪੀ, ਕੰਵਲ ਧਨੋਆ, ਹਰਜੋਤ ਸਿੰਘ, ਅਮਰੀਕ ਸਿੰਘ, ਮਾਸਟਰ ਜੋਗਿੰਦਰ ਸਿੰਘ ਪਾਪਾਕੁਰਾ ਤੋਂ ਇਲਾਵਾ ਹੋਰ ਕਈ ਸਾਹਿਤ ਪ੍ਰੇਮੀ ਹਾਜ਼ਰ ਸਨ।

ਨਿਊਜੀਲੈਂਡ 'ਚ ਸੰਕਟ ਦੇ ਸਮੇਂ ਮਦਦ ਕਰਨ ਵਾਲੇ ਹੀ ਹੋ ਰਹੇ ਨੇ ਹਿੰਸਾ ਦੇ ਸ਼ਿਕਾਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)- ਨਿਊਜੀਲੈਂਡ ਵਿੱਚ ਔਖੇ ਸਮੇ 'ਚ ਮਦਦ ਕਰਨ ਵਾਲੇ ਹੀ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਨਿਊਜ਼ੀਲੈਂਡ ਵਿੱਚ ਐਮਰਜੈਂਸੀ ਵਿਭਾਗ ਦੇ ਕਰਮਚਾਰੀ ਜਿਸ ਵਿੱਚ ਐਂਬੂਲੈਂਸ ਕਰਮਚਾਰੀ ਅਤੇ ਪੁਲਿਸ ਵਿਭਾਗ ਦੇ ਮੁਲਾਜਮ ਸ਼ਾਮਿਲ ਹਨ, ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਇੱਕ ਰਿਪੋਰਟ ਦੇ ਮੁਤਾਬਕ ਦਸੰਬਰ 2018 ਤੱਕ ਅਜਿਹੇ 2300 ਤੋਂ ਵੱਧ ਵਾਰ ਕੇਸ ਸਾਹਮਣੇ ਜਿਨ੍ਹਾਂ ਵਿੱਚ ਐਂਬੂਲਸ ਸੇਵਾਵਾਂ ਦੇਣ ਪਹੁੰਚੇ ਇਨ੍ਹਾਂ ਕਰਮਚਾਰੀਆਂ ਨੂੰ ਬਦਤਮੀਜੀ ਨਾਲ ਪੇਸ਼ ਆਉਣ ਅਤੇ ਕੁੱਟਮਾਰ ਦੀਆਂ ਘਟਨਾਵਾਂ ਦਾ ਸ਼ਿਕਾਰ ਹੋਣਾ ਪਇਆ ਹੋਵੇ। ਇਸੇ ਤਰਾਂ 200 ਤੋਂ ਵਧੇਰੇ ਵਾਰ ਪੁਲਿਸ ਮੁਲਾਜਮਾਂ ਨਾਲ ਵੀ ਐਸੀਆਂ ਹੀ ਘਟਨਾਵਾਂ ਵਾਪਰੀਆਂ ਹਨ। ਦੋਨੋਂ ਵਿਭਾਗਾਂ ਨੇ ਇਸ ਉੱਤੇ ਚਿੰਤਾ ਜਾਹਿਰ ਕਰਦਿਆਂ ਕਿਹਾ ਹੈ ਕਿ ਇਹ ਇੱਕ ਅਤਿ-ਘਟੀਆ ਵਰਤਾਰਾ ਹੈ ਜਿਸ ਨਾਲ ਦੋਨੋਂ ਵਿਭਾਗ ਦੇ ਕਰਮਚਾਰੀਆਂ ਦਾ ਮਨੋਬਲ ਡਿੱਗਦਾ ਹੈ।

ਮਨੋਰੰਜਨ